# ਅੱਖੀਂ ਡਿੱਠਾ ਰੂਸ

G.789

ਲੇਖਕ :
ਇਕਬਾਲ ਸਿੰਘ
ਜੀ. ਐਲ. ਖੰਨਾ

ਅਨੁਵਾਦਿਕ :
ਹੀਰਾ ਸਿੰਘ ਐਮ. ਏ.
ਪ੍ਰੀਤ ਨਗਰ

SARDAR DYAL SINGH
LAHORE
LIBRARY

ਪ੍ਰੀਤ ਨਗਰ ਸ਼ਾਪ
ਲਾਹੌਰ

# ਅਰੰਭਕ ਸ਼ਬਦ

ਅਜ ਸਾਰੇ ਸੰਸਾਰ ਦੀਆਂ ਅਖਾਂ ਸੋਵੀਅਟ ਰੂਸ ਤੇ ਲਗੀਆਂ ਹੋਈਆਂ ਹਨ। ਜਿਥੇ ਰੂਸ ਦੀ ਲਾਲ ਫੌਜ ਨੇ ਯੂਰਪ ਅਤੇ ਸਾਰੀ ਦੁਨੀਆ ਨੂੰ ਹਿਟਲਰੀ ਫ਼ਾਸ਼ਿਸਟਾਂ ਦੇ ਖ਼ੂਨੀ ਪੰਜੇ ਵਿਚ ਪੈਣੋ ਬਚਾ ਲਿਆ ਹੈ, ਉਥੇ ਇਕ ਹੋਰ ਮਹਾਨ ਇਨਕਲਾਬ ਦਾ ਬੀ ਵੀ ਸਾਡੀ ਇਸ ਧਰਤੀ ਵਿਚ ਬੀਜ ਦਿਤਾ ਹੈ। ੧੯੧੭ ਦੇ ਬਾਲਸ਼ਵਿਕ ਇਨਕਲਾਬ ਨਾਲੋਂ ਇਕ ਦਸ ਗੁਣਾ ਵਡਾ ਇਨਕਲਾਬ ਕਿਸੇ ਆਉਣ ਵਾਲੀ ਲਾਲ ਸਵੇਰ ਦੀਆਂ ਅਖਾਂ ਵਿਚੋਂ ਝਾਕ ਰਿਹਾ ਦਿਸਦਾ ਹੈ।

ਰੂਸ ਦੁਨੀਆ ਦੇ ਮਜ਼ੂਰਾਂ ਕਿਸਾਨਾਂ ਤੇ ਆਮ ਜਨਤਾ ਲਈ ਇਕ ਚਾਨਣ ਮੁਨਾਰਾ ਤੇ ਪ੍ਰੇਰਨਾ ਦਾ ਸੋਮਾ ਹੈ। ਜਿਸ ਤਰ੍ਹਾਂ ਕਦੇ ਫ਼ਰਾਂਸ ਚੋਂ ਇਨਕਲਾਬ ਦੀਆਂ ਸ਼ੁਆਆਂ ਉਠ ਕੇ ਬਾਕੀ ਦੁਨੀਆ ਦੀਆਂ ਸੀਤ ਰਗਾਂ ਵਿਚ ਗਰਮੀ ਭਰਦੀਆਂ ਸਨ, ਉਵੇਂ ਅਜ ਇਹ ਸੋਵੀਅਟ-ਭੂਮੀ ਚੋਂ ਜਨਮਕੇ ਸੰਸਾਰ ਭਰ ਵਿਚ ਪਸਰ ਰਹੀਆਂ ਹਨ। ਜ਼ੁਲਮ, ਤਸ਼ੱਦਦ ਤੇ ਲੁਟ-ਪੁਟ ਤੋਂ ਰਹਿਤ ਇਕ ਨਵਾਂ ਸਮਾਜ ਹੋਂਦ ਵਿਚ ਲਿਆਣ ਲਈ ਹਰ ਇਕ ਦੇਸ਼ ਦੀ ਗ਼ਰੀਬ ਜਨਤਾ ਜਥੇਬੰਦ ਹੋ ਕੇ ਸੰਗਰਾਮ ਕਰ ਰਹੀ ਹੈ। ਸੋਵੀਅਟ ਰੂਸ ਇਸ ਦੀ ਅਗ਼ਵਾਈ ਕਰਦਾ ਹੈ। ਉਥੇ ਅਜਿਹਾ ਸਮਾਜ ਕਾਇਮ ਹੋ ਚੁਕਾ ਹੈ, ਤੇ ਧਰਤੀ ਦੇ ਹਰ ਇਕ ਟੁਕੜੇ ਤੇ ਕਾਇਮ ਹੋ ਸਕਦਾ ਹੈ ਤੇ ਕਾਇਮ ਹੋਵੇਗਾ।

ਅਜ ਦਾ ਹਿੰਦੁਸਤਾਨ ਬੜੀਆਂ ਹਾਲਤਾਂ ਵਿਚ ਇਨਕਲਾਬੋਂ ਪਹਿਲੇ ਜ਼ਾਰ-ਸ਼ਾਹੀ ਰੂਸ ਨਾਲ ਮਿਲਦਾ ਜੁਲਦਾ ਹੈ। ਅਸਾਂ ਆਪਣੀ ਅਸਲੀ

ਅਹੁਰ ਪਛਾਣ ਲਈ ਹੈ। ਸਾਡੇ ਦੁਖਾਂ ਤੇ ਬੀਮਾਰੀਆਂ ਦਾ ਇਲਾਜ ਵੀ ਸੋਸ਼ਲਿਜ਼ਮ ਵਿਚ ਹੀ ਹੈ, ਜਿਥੇ ਹਰ ਪ੍ਰਕਾਰ ਦੇ ਤਸ਼ੱਦਦ, ਧਕੇਸ਼ਾਹੀ ਤੇ ਲੁਟ ਪੁਟ ਦਾ ਖ਼ਾਤਮਾ ਹੋ ਜਾਂਦਾ ਹੈ। ਏਸੇ ਲਈ ਸੋਵੀਅਟ ਰੂਸ ਦਾ ਮੁਤਾਲਾ ਸਾਡੇ ਲਈ ਇਕ ਵਿਸ਼ੇਸ਼ ਜ਼ਰੂਰਤ ਹੈ। ਇਹ ਇਸ ਕਰ ਕੇ ਵੀ ਜ਼ਰੂਰੀ ਹੈ, ਤਾਂ ਜੋ ਅਸੀ ਉਨ੍ਹਾਂ ਤਅੱਸਬਾਂ ਦਾ ਸ਼ਿਕਾਰ ਨਾ ਹੁੰਦੇ ਰਹੀਏ, ਜਿਹੜੇ ਸਾਮਰਾਜ ਦੇ ਏਜੰਟਾਂ ਅਤੇ ਸੋਵੀਅਟ ਵਿਰੋਧੀ ਸਰਮਾਏਦਾਰ ਪ੍ਰੈਸ ਨੇ ਰੂਸ ਬਾਰੇ ਸਾਡੇ ਦਿਲਾਂ ਅੰਦਰ ਪਾ ਛਡੇ ਹਨ। ਇਹ ਨਿਕਾ ਜਿਹਾ ਪੈਂਫਲਟ ਵੀ ਇਸ ਮਨੋਰਥ ਦੀ ਪੂਰਤੀ ਲਈ ਇਕ ਨਿਕਾ ਜਿਹਾ ਉਪਰਾਲਾ ਹੈ। ਸਾਥੀ ਇਕਬਾਲ ਸਿੰਘ ਤੇ ਖੰਨਾ ਜੀ ਦੀ ਇਹ ਰੂਸ-ਯਾਤਰਾ ਅਜ ਤੋਂ ਚੋਖੇ ਵਰ੍ਹੇ ਪਹਿਲਾਂ ਦੀ ਹੈ, ਇਨ੍ਹਾਂ ਦੀ ਵਾਪਸੀ ਪਿਛੋਂ ਸੋਵੀਅਟ ਨੇ ਤਰੱਕੀ ਦੀਆਂ ਹੋਰ ਕਈ ਮੰਜ਼ਲਾਂ ਤੈ ਕਰ ਲਈਆਂ ਹਨ। ਸੋਵੀਅਟ ਰੂਸ ਬਾਰੇ ਵਾਕਫ਼ੀਅਤ ਦੇਣ ਲਈ ਅਸੀ ਹਰ ਮਹੀਨੇ ਇਕ ਦੋ ਪੈਂਫਲਟ ਪਾਠਕਾਂ ਦੀ ਭੇਟਾ ਕਰਦੇ ਰਹਾਂਗੇ।

ਮੈਂ ਹੀਰਾ ਸਿੰਘ ਜੀ ਦਾ ਅਤੀ ਧਨਵਾਦੀ ਹਾਂ, ਜਿਨ੍ਹਾਂ ਸੋਵੀਅਟ ਮਿੱਤਰ ਮੰਡਲ ਲਈ ਅੰਗ੍ਰੇਜ਼ੀ 'ਚੋਂ ਇਹ ਤਰਜਮਾ ਕੀਤਾ ਹੈ। ਉਨ੍ਹਾਂ ਦੀ ਇਹ ਕੋਸ਼ਿਸ਼ ਪ੍ਰਸੰਸਾ ਯੋਗ ਹੈ।

ਪ੍ਰੀਤ ਨਗਰ
੨੨-੧੦-੪੩

"ਸਹਿਰਾਈ"



# ਮੈਂ ਰੂਸ ਵਿਚ ਕੀ ਵੇਖਿਆ

ਜੂਨ ੧੯੩੬ ਵਿਚ ਮੈਂ ਰੂਸ ਗਿਆ ਸਾਂ। ਮੇਰੇ ਟੂਰ ਦਾ ਪ੍ਰਬੰਧ ਉਸ ਟੂਰਿਸਟ ਏਜੰਸੀ ਨੇ ਕੀਤਾ ਸੀ, ਜਿਹੜੀ ਰੂਸ ਜਾਣ ਵਾਲੇ ਤਕਰੀਬਨ ਸਾਰੇ ਦਰਸ਼ਕਾਂ ਦਾ ਪ੍ਰਬੰਧ ਕਰਦੀ ਹੈ।

ਲੰਡਨ ਤੋਂ ਲੈਨਿਨਗਰਾਡ ਦਾ ਸਫ਼ਰ ਇਕ ਸੋਵੀਅਟ ਜਹਾਜ਼ ਵਿਚ ਕੀਤਾ ਗਿਆ। ਜਹਾਜ਼ ਵਿਚ ਤਿੰਨ ਦਰਜੇ ਸਨ। ਪਹਿਲਾ ਦੂਸਰਾ ਤੇ ਤੀਸਰਾ। ਇਹ ਬੜਾ ਅਜੀਬ ਜਾਪਦਾ ਹੈ ਕਿ ਉਹ ਮੁਲਕ ਜਿੱਥੇ ਜਮਾਤ ਦਾ ਕੋਈ ਭੇਦ ਨਾ ਹੋਵੇ, ਉਸਦੇ ਜਹਾਜ਼ਾਂ ਵਿਚ ਤਿੰਨ ਦਰਜੇ ਹੋਣ, ਪਰ ਇਸਦਾ ਕਾਰਨ ਇਹ ਸੀ, ਕਿ ਅਜਿਹੇ ਕਈ ਜਹਾਜ਼ ਨਵੇਂ ਦੌਰ ਤੋਂ ਪਹਿਲੋਂ ਦੇ ਸਨ ਤੇ ਗੌਰਮਿੰਟ ਆਪਣੇ ਉਸਾਰੂ ਕੰਮਾਂ ਵਿਚ ਰੁਝੀ ਰਹਿਣ ਦੇ ਕਾਰਨ ਘਟੀਆ ਜਹਾਜ਼ਾਂ ਵਲ ਪੂਰੀ ਤਵੱਜੋ ਨਹੀਂ ਸੀ ਦੇ ਸਕੀ। ਦੂਸਰੇ ਗੌਰਮਿੰਟ ਇਹ ਵੀ ਚਾਹੁੰਦੀ ਹੈ, ਕਿ ਰੂਸ ਨੂੰ ਦੇਖਣ ਲਈ ਬਹੁਤ ਗਿਣਤੀ ਵਿਚ ਯਾਤਰੂ ਆਉਣ। ਇਸ ਲਈ ਜ਼ਰੂਰੀ ਸੀ ਕਿ ਉਨ੍ਹਾਂ ਆਦਮੀਆਂ ਨੂੰ, ਜਿਹੜੇ 'ਆਰਾਮ' ਵਿਚ ਸਫ਼ਰ ਕਰਨ ਦੇ ਆਦੀ ਹਨ, ਉਸੇ ਕਿਸਮ ਦਾ ਆਰਾਮ ਦਿੱਤਾ ਜਾਏ। ਇਹ ਬੜੀ ਖ਼ੁਸ਼ੀ ਦੀ ਗਲ ਸੀ ਕਿ ਸਿਰਫ਼ ਤੀਸਰੇ ਦਰਜੇ ਵਿਚ ਸੌਣ ਤੋਂ ਇਲਾਵਾ ਹੋਰ ਕਿਸੇ ਕਿਸਮ ਦੀ ਬੰਦਸ਼ ਨਹੀਂ ਸੀ। ਉਨ੍ਹਾਂ ਨੂੰ ਵੀ ਪਹਿਲੇ ਤੇ ਦੂਸਰੇ ਦਰਜੇ ਦੇ ਯਾਤਰੂਆਂ ਵਾਲੇ ਸਾਰੇ ਆਰਾਮ ਮਿਲਦੇ ਸਨ। ਇਸ ਕਾਰਨ ਅਸੀ ਪਹਿਲੇ ਦਰਜੇ ਦੇ ਯਾਤਰੂਆਂ ਨਾਲੋਂ ਚੰਗੇ ਰਹੇ, ਅਸਾਂ ਆਪਣਾ ਅਧਾ ਕਰਾਇਆ ਵੀ ਬਚਾ ਲਿਆ ਤੇ ਆਰਾਮ ਉਨ੍ਹਾਂ ਵਰਗਾ ਹੀ ਲਿਆ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.